NSW GOVERNMENT | Education

# ਮਾਪਿਆਂ ਦੀ ਆਨਲਾਈਨ ਭੁਗਤਾਨ

## ਮਾਪਿਆਂ ਅਤੇ ਸੰਭਾਲਕਾਂ ਲਈ ਜਾਣਕਾਰੀ

ਇਹ ਹੁਣ ਸੰਭਵ ਹੋ ਸਕਦਾ ਹੈ ਕਿ ਮਾਪੇ ਵਿਦਿਆਰਥੀਆਂ ਦੇ ਸਕੂਲ ਦਾ ਕਰਜਾ Westpac ਦੁਆਰਾ ਰੱਖੇ ਗਏ ਇੱਕ ਸੁਰੱਖਿਅਤ ਭੁਗਤਾਨ ਪੇਜ ਦੁਆਰਾ ਆਨਲਾਈਨ ਭੁਗਤਾਨ ਕਰਨ। ਭੁਗਤਾਨ ਕਿਸੇ Visa ਜਾਂ MasterCard ਕ੍ਰੈਡਿਟ ਕਾਰਡ ਜਾਂ ਡੈਬਿਟ ਕਾਰਡ ਦੀ ਵਰਤੋਂ ਕਰਕੇ ਕੀਤੇ ਜਾ ਸਕਦੇ ਹਨ ਅਤੇ ਇਹ ਭੁਗਤਾਨ ਕੰਪਿਊਟਰ, ਟੈਬਲਿਟ ਜਾਂ ਮੋਬਾਇਲ ਫੋਨ ਰਾਂਹੀਂ ਕੀਤੇ ਜਾ ਸਕਦੇ ਹਨ। ਭੁਗਤਾਨ ਪੇਜ ਦੀ ਪਹੁੰਚ ਸਕੂਲ ਦੀ ਵੈਬਸਾਈਟ ਦੇ ਮੁਖ ਪੰਨੇ ਤੋਂ $ Make a payment ($ ਭੁਗਤਾਨ ਕਰੋ) ਦੀ ਚੋਣ ਕੀਤੀ ਜਾ ਸਕਦੀ ਹੈ।

Westpac ਨੇ ਹਾਲ ਹੀ ਵਿੱਚ ਸਿਸਟਮ ਨੂੰ ਸੁਧਾਰਿਆ ਹੈ ਤਾਂ ਜੋ ਵੇਰਵੇ ਦਾਖਲ ਕੀਤੇ ਜਾਣ ਲਈ ਵੱਧ ਸਮਾਂ ਲੱਗ ਸਕੇ ਅਤੇ ਮਾਪੇ ਆਟੋ-ਫਿਲ ਵਿਕਲਪ ਦੀ ਵਰਤੋਂ ਕਰਕੇ ਭੁਗਤਾਨਾਂ ਕਰ ਸੱਕਣ, ਇਸ ਤਰ੍ਹਾਂ ਕਰਨ ਨਾਲ ਉਨ੍ਹਾਂ ਦੇ ਵੇਰਵੇ ਮੁੜ ਦਰਜ ਕਰਨ ਦੀ ਲੋੜ ਨਾ ਹੋਵੇ। ਹੁਣ ਭੁਗਤਾਨ ਕਰੈਡਿਟ ਕਾਰਡ ਜਾਂ ਬੈਂਕ ਖਾਤੇ ਦੇ ਡਾਇਰੈਕਟ ਡੈਬਿਟ (direct debit) ਵਿਚੋਂ ਕੀਤੀ ਜਾ ਸਕਦੀ ਹੈ।

ਜਿਨ੍ਹਾਂ ਵਸਤਾਂ ਲਈ ਭੁਗਤਾਨ ਕੀਤਾ ਜਾ ਸਕਦਾ ਹੈ ਵਿੱਚ ਸ਼ਾਮਲ ਹਨ ਸਵੈ-ਇੱਛਤ ਸਕੂਲ ਲਈ ਯੋਗਦਾਨ (voluntary school contributions), ਮਜ਼ਮੂਨਾਂ ਲਈ ਭੁਗਤਾਨ, ਸਕੂਲੀ ਦੌਰੇ, ਵਿਦਿਆਰਥੀਆਂ ਨੂੰ ਵਿਕਰੀ ਅਤੇ ਰਚਨਾਤਮਕ ਅਤੇ ਵਿਵਹਾਰਕ ਕਲਾ ਦੀਆਂ ਗਤੀਵਿਧੀਆਂ (ਇਨ੍ਹਾਂ ਵਿੱਚ ਬੈਂਡ, ਡਰਾਮਾ ਅਤੇ ਡਾਂਸ ਸ਼ਾਮਲ ਹਨ)। ਪਿਛਲੇ ਸਿਰਲੇਖਾਂ ਵਿੱਚ ਸ਼ਾਮਲ ਨਹੀਂ ਕੀਤੇ ਗਏ ਅਕਾਊਂਟਾਂ ਨੂੰ ਕਵਰ ਕਰਨ ਲਈ 'ਹੋਰ' ਸ਼੍ਰੇਣੀ ਵੀ ਹੁੰਦੀ ਹੈ, 'ਹੋਰ' ਨੂੰ ਸਕੂਲ ਦੇ ਸਟੇਟਮੈਂਟ ਆਫ ਅਕਾਊਂਟ ਦਾ ਪੂਰਾ ਭੁਗਤਾਨ ਕਰਨ ਲਈ ਵਰਤਿਆ ਜਾ ਸਕਦਾ ਹੈ।

ਜਦੋਂ ਤੁਸੀਂ $ Make a payment ਤੱਕ ਪਹੁੰਚ ਕਰਦੇ ਹੋ ਤਾਂ ਤੁਹਾਨੂੰ ਇਹ ਦਾਖਲ ਕਰਨਾ ਪਵੇਗਾ:

- ਵਿਦਿਆਰਥੀ ਦਾ ਨਾਮ
- ਕਲਾਸ (ਸ਼੍ਰੇਣੀ)
- ਜਨਮ ਦੀ ਮਿਤੀ

ਹਰ ਵਾਰੀਂ ਜਦੋਂ ਤੁਸੀਂ ਭੁਗਤਾਨ ਕਰਦੇ ਹੋ ਤਾਂ ਇਹ ਵੇਰਵੇ ਦਾਖਲ ਕਰਨੇ ਹੁੰਦੇ ਹਨ ਕਿਉਂਕਿ ਵਿਦਿਆਰਥੀ ਸਬੰਧੀ ਜਾਣਕਾਰੀ ਭੁਗਤਾਨ ਪ੍ਰਣਾਲੀ ਦੇ ਅੰਦਰ ਨਹੀਂ ਹੁੰਦੀ।

ਇਹ ਇੱਕ ਸੁਰੱਖਿਅਤ ਭੁਗਤਾਨ ਪ੍ਰਣਾਲੀ ਹੇ ਜੋ Westpac ਵਲੋਂ ਸਥਾਪਿਤ ਕੀਤੀ ਗਈ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾਵੇ ਕਿ ਤੁਹਾਡੇ ਕ੍ਰੈਡਿਟ ਕਾਰਡ ਜਾਂ ਡੈਬਿਟ ਕਾਰਡ ਵੇਰਵੇ ਸੁਰੱਖਿਅਤ ਰਹਿਣ। ਇਹ ਵੇਰਵੇ ਸਕੂਲ ਨੂੰ ਨਹੀਂ ਦਿੱਤੇ ਜਾਂਦੇ।

ਭੁਗਤਾਨ ਦੀ ਪ੍ਰਕਿਰਿਆ ਪੂਰੀ ਹੋਣ ਤੋਂ ਪਹਿਲਾਂ ਤੁਹਾਡੇ ਕੋਲ  ਭੁਗਤਾਨ ਦੀ ਕਿਸੇ ਵੀ ਜਾਣਕਾਰੀ ਨੂੰ ਚੈੱਕ ਕਰਨ ਅਤੇ ਬਦਲਣ ਦੀ ਸਮਰੱਥਾ ਹੈ। ਰਸੀਦਾਂ ਈਮੇਲ ਅਤੇ/ਜਾਂ ਪ੍ਰਿੰਟ ਕੀਤੀਆਂ ਜਾ ਸਕਦੀਆਂ ਹਨ।

ਭੁਗਤਾਨਾਂ ਦਾ ਵੇਰਵਾ ਸਕੂਲ ਨੂੰ ਰੋਜ਼ਾਨਾ ਭੇਜਿਆ ਜਾਂਦਾ ਹੈ ਜਿੱਥੇ ਇਹਨਾਂ ਨੂੰ ਤੁਹਾਡੇ ਬੱਚੇ ਦੇ ਖਾਤੇ ਵਿੱਚ ਦਰਜ ਕੀਤਾ ਜਾਵੇਗਾ। ਕਿਉਂਕਿ ਭੁਗਤਾਨ ਪੇਜ ਵਿੱਚੋਂ ਤੁਹਾਨੂੰ ਇੱਕ ਰਸੀਦ ਜਾਰੀ ਕੀਤੀ ਗਈ ਹੈ ਸਕੂਲ ਵਲੋਂ ਤੁਹਾਨੂੰ ਕੋਈ ਹੋਰ ਰਸੀਦ ਜਾਰੀ ਨਹੀਂ ਕੀਤੀ ਜਾਵੇਗੀ।

ਆਨਲਾਈਨ ਭੁਗਤਾਨ ਪ੍ਰਕ੍ਰਿਆ ਬਾਰੇ ਕਿਸੇ ਤਰ੍ਹਾਂ ਦੀ ਪੁੱਛਗਿੱਛ ਲਈ, ਕਿਰਪਾ ਕਰਕੇ ਸਕੂਲ ਪ੍ਰਸ਼ਾਸਨ ਦਫ਼ਤਰ ਨਾਲ ਸੰਪਰਕ ਕਰੋ।

## ਟੈਲੀਫੋਨ ਦੁਭਾਸ਼ੀਆ ਸੇਵਾ

ਜੇ ਤੁਹਾਨੂੰ ਸਕੂਲ ਨਾਲ ਸੰਪਰਕ ਕਰਨ ਲਈ ਅੰਗ੍ਰੇਜ਼ੀ ਵਿੱਚ ਸਹਾਇਤਾ ਦੀ ਜ਼ਰੂਰਤ ਹੈ ਤਾਂ ਕਿਰਪਾ ਕਰਕੇ 131 450 'ਤੇ ਟੈਲੀਫੋਨ ਦੁਭਾਸ਼ੀਏ ਸੇਵਾ ਨੂੰ ਕਾਲ ਕਰੋ, ਉਨ੍ਹਾਂ ਨੂੰ ਦੱਸੋ ਕਿ ਤੁਹਾਨੂੰ ਕਿਸ ਭਾਸ਼ਾ ਦੀ ਲੋੜ ਹੈ ਅਤੇ ਅਪਰੇਟਰ ਤੋਂ ਸਕੂਲ ਨੂੰ ਫੋਨ ਕਰਨ ਦੀ ਮੰਗ ਕਰੋ। ਅਪਰੇਟਰ ਵਲੋਂ ਤੁਹਾਡੀ ਗਲਬਾਤ ਸਮੇਂ ਮਦਦ ਕਰਨ ਲਈ ਲਾਈਨ 'ਤੇ ਇੱਕ ਦੁਭਾਸ਼ੀਏ ਦਾ ਪ੍ਰਬੰਧ ਕੀਤਾ ਜਾਵੇਗਾ। ਤੁਹਾਨੂੰ ਇਸ ਸੇਵਾ ਲਈ ਕੋਈ ਭੁਗਤਾਨ ਨਹੀਂ ਕਰਨਾ ਪਵੇਗਾ।